# ਸਭ ਤੋਂ ਮਹਾਨ ਜੀਵਨ

# ਯਿਸੂ ਦਾ ਜੀਵਨ, ਮੌਤ ਅਤੇ ਜੀ ਉੱਠਣਾ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ J1b ਦਾ ਅਧਿਐਨ ਕਰਨਾ ਚਾਹੀਦਾ ਹੈ

ਪ੍ਰਾਰਥਨਾ : ''ਸਵਰਗੀ ਪਿਤਾ, ਮੈਨੂੰ ਅਤੇ ਮੇਰੇ ਝੁੰਡ ਨੂੰ ਆਪਣੇ ਅਨੋਖੇ ਜੀਵਨ ਬਾਰੇ ਜਿਹੜਾ ਤੂੰ ਬਤੀਤ ਕੀਤਾ, ਜਦੋਂ ਤੂੰ ਇਸ ਧਰਤੀ ਤੇ ਸੀ, ਸਿੱਖਣ ਦੇਹ,ਤਾਂ ਕਿ ਅਸੀਂ ਸਭ ਮਿਲਕੇ ਉਸ ਸਭ ਦੇ ਲਈ ਤੇਰਾ ਧੰਨਵਾਦ ਕਰ ਸਕੀਏ, ਜੋ ਤੂੰ ਸਾਡੇ ਲਈ ਕੀਤਾ ਹੈ।''

**1. ਸਭ ਤੋਂ ਮਹਾਨ ਜੀਵਨ ਬਾਰੇ ਸਿਖਾਉਣ ਦੇ ਲਈ, ਆਪਣੇ ਦਿਲ ਅਤੇ ਦਿਮਾਗ ਨੂੰ ਤਿਆਰ ਕਰੋ।**

ਆਪਣੇ ਝੁੰਡ ਨੂੰ ਯਿਸੂ ਦੇ ਸ਼ੁਭ ਸਮਾਚਾਰ ਬਾਰੇ, ਇਸ ਢੰਗ ਨਾਲ ਸਿਖਾਓ ਕਿ ਉਹ ਦੂਜਿਆਂ ਨੂੰ ਉਸ ਬਾਰੇ ਦੱਸ ਸਕਣ।

ਯਿਸੂ ਦੇ ਇਸ ਸੰਸਾਰ ਵਿੱਚ ਆਉਣ ਤੋਂ ਪਹਿਲਾਂ, ਪੁਰਾਣੇ ਨੇਮ ਦੇ ਨਬੀਆਂ ਨੇ ਉਸ ਬਾਰੇ 300 ਤੋਂ ਵੱਧ ਭਵਿੱਖਬਾਣੀਆਂ ਕੀਤੀਆਂ, ਜਿਸਨੂੰ ਯਹੂਦੀ ਮਸੀਹਾ ਜਾਂ ਮਸੀਹ ਕਹਿੰਦੇ ਸਨ।

ਲੱਭੋ! ਇਨ੍ਹਾਂ ਸੱਤ ਨਬੀਆਂ ਨੇ ਵਾਅਦਾ ਕੀਤੇ ਹੋਏ ਮਸੀਹਾ (ਮਸੀਹ) ਬਾਰੇ ਜਿਹੜਾ ਸੰਸਾਰ ਵਿੱਚ ਆਉਣ ਵਾਲਾ ਸੀ ਕੀ ਕਿਹਾ?

ੳ) ਅਬਰਾਹਾਮ (ਉਤਪਤ 22:18)

ਅ) ਮੂਸਾ (ਬਿਵਸਥਾ ਸਾਰ 18:18-19)

ੲ) ਯਸਾਯਾਹ (ਯਸਾਯਾਹ 53:7-8)

ਸ) ਦਾਊਦ (ਜਬੂਰਾਂ ਦੀ ਪੋਥੀ 2:7)

ਹ) ਦਾਊਦ (ਜਬੂਰਾਂ ਦੀ ਪੋਥੀ 16:8-11)

ਕ) ਨਾਥਾਨ (2 ਸਮੂਏਲ 7:16)

ਖ) ਯੂਹੰਨਾ ਬਪਤਿਸਮਾ ਦੇਣ ਵਾਲਾ (ਲੂਕਾ 3:15-17)

ਜਦੋਂ ਮਸੀਹ ਸੰਸਾਰ ਵਿੱਚ ਆਇਆ ਤਾਂ ਬਹੁਤ ਸਾਰੇ ਚਸ਼ਮਦੀਦ ਗਵਾਹਾਂ ਨੇ, ਜੋ ਉਸਨੇ ਕੀਤਾ ਸੀ ਵੇਖਿਆ ਅਤੇ ਸੁਣਿਆ, ਅਤੇ ਉਨ੍ਹਾਂ ਵਿੱਚੋਂ ਕੁਝ ਨੇ ਉਨ੍ਹਾਂ ਗੱਲ ਨੂੰ ਇਕ ਪੁਸਤਕ ਵਿੱਚ ਲਿਖ ਦਿੱਤਾ, ਜਿਸਨੂੰ ਨਵਾਂ ਨੇਮ ਕਿਹਾ ਜਾਂਦਾ ਹੈ। ਯਿਸੂ ਦੇ ਚੇਲਿਆਂ ਨੇ ਉਸ ਬਾਰੇ ਸੱਤ ਗੱਲਾਂ ਲਿਖੀਆਂ, ਜਿਨ੍ਹਾਂ ਨੂੰ ਉਹ ਸਭ ਤੋਂ ਮਹੱਤਵਪੂਰਨ ਸਮਝਦੇ ਸਨ:

ੳ) ਜਦੋਂ ਯਿਸੂ ਧਰਤੀ ਤੇ ਸੀ, ਉਸਨੇ ਜੋ ਲੋਕਾਂ ਲਈ ਕੀਤਾ, ਉਸ ਦੁਆਰਾ ਇਹ ਵਿਖਾਇਆ ਕਿ ਉਹ ਕੌਣ ਸੀ। ਪੜ੍ਹੋ:- ਇਨ੍ਹਾਂ ਬਾਈਬਲ ਦਿਆਂ ਵਚਨਾਂ ਵਿੱਚ ਯਿਸੂ ਨੇ ਕੀ ਕੀਤਾ:

- ਅੰਨ੍ਹਿਆਂ ਲਈ (ਮੱਤੀ 9:27-31)
- ਭੂਤ ਚਿੰਬੜੇ ਹੋਏ ਮਨੁੱਖ ਲਈ (ਮੱਤੀ 9:32-33)
- ਇਕ ਕੁੜੀ ਜਿਹੜੀ ਮਰ ਗਈ ਸੀ (ਲੂਕਾ 8:49-55)

ਅ) ਯਿਸੂ ਨੇ ਲੋਕਾਂ ਨੂੰ ਪਰਮੇਸ਼ੁਰ ਦੀ ਪਵਿੱਤਰਤਾ, ਨਿਹਚਾ ਕਿਵੇਂ ਕਰਨੀ ਹੈ, ਅਤੇ ਇਕ ਪਵਿੱਤਰ ਖੁਸ਼ ਜੀਵਨ ਕਿਵੇਂ ਜੀਉਣਾ ੦ਹੈ, ਸਿਖਾਇਆ। ਉਸਨੇ ਸਰਲ ਚੀਜ਼ਾਂ, ਜਿਵੇਂ 'ਇਕ ਬੀ ਬੀਜਣ ਵਾਲਾ ਮਨੁੱਖ', ਬਾਰੇ ਕਹਾਣੀਆਂ ਦਾ ਪ੍ਰਯੋਗ ਕਰਕੇ ਸਿੱਖਿਆ ਦਿੱਤੀ। ਇਨ੍ਹਾਂ ਵਚਨਾਂ ਵਿੱਚ ਪੜ੍ਹੋ:

- ਕਿਸ ਪ੍ਰਕਾਰ ਦੇ ਲੋਕਾਂ ਨੂੰ ਪਰਮੇਸ਼ੁਰ ਬਰਕਤ ਦੇਵੇਗਾ? (ਮੱਤੀ 5:1-16)।
- ਯਿਸੂ ਦੇ ਚੇਲਿਆਂ ਨੇ ਆਪਣਾ ਜੀਵਨ ਕਿਵੇਂ ਜੀਉਣਾ ਹੈ? (ਯੂਹੰਨਾ 14:1-17)।
- ਸੰਸਾਰ ਦਾ ਭਵਿੱਖ ਕੀ ਹੋਵੇਗਾ (ਮੱਤੀ 21:31)।



ੲ) ਯਿਸੂ ਮਰ ਗਿਆ ਜਦੋਂ ਉਸਦੇ ਦੁਸ਼ਮਣਾਂ ਨੇ ਯਿਸੂ ਨੂੰ ਲੱਕੜ ਦੀ ਸਲੀਬ ਉੱਤੇ ਕਿੱਲਾਂ ਨਾਲ ਟੰਗ ਦਿੱਤਾ। ਇਨ੍ਹਾਂ ਵਚਨਾਂ ਵਿੱਚ ਪੜ੍ਹੋ:

- ਯਿਸੂ ਨੂੰ ਕੌਣ ਮਾਰਨਾ ਚਾਹੁੰਦਾ ਸੀ (ਲੂਕਾ 23:12-21)
- ਯਿਸੂ ਨੂੰ ਕਿਵੇਂ ਮਾਰਿਆ ਗਿਆ (ਲੂਕਾ 23:32-34)
- ਯਿਸੂ ਕਿਵੇਂ ਮਰਿਆ (ਲੂਕਾ 23:44-53)

ਸ) ਤਿੰਨ ਦਿਨ ਬਾਅਦ, ਪਰਮੇਸ਼ੁਰ ਨੇ ਯਿਸੂ ਨੂੰ ਫਿਰ ਜਿਵਾਲਿਆ।
- ਜਿਵੇਂ ਯਿਸੂ ਨੇ ਮਰਨ ਤੋਂ ਪਹਿਲਾਂ ਕਿਹਾ ਸੀ (ਮਰਕੁਸ 9:31-32)
- ਜਿਵੇਂ ਸਵਰਗ ਤੋਂ ਦੂਤਾਂ ਦੁਆਰਾ ਸੂਚਨਾ ਦਿੱਤੀ ਗਈ ਸੀ (ਮੱਤੀ 28:1-10)
- ਜਿਵੇਂ ਯਿਸੂ ਨੇ ਮੌਤ ਤੋਂ ਜੀਅ ਉੱਠਣ ਬਾਅਦ ਦੱਸਿਆ (ਪਰਕਾਸ਼ ਦੀ ਪੋਥੀ 1:17-18)

ਹ) ਯਿਸੂ ਬਹੁਤ ਸਾਰੇ ਲੋਕਾਂ ਤੇ ਪ੍ਰਗਟ ਹੋਇਆ, ਜਿਹੜੇ ਉਸਨੂੰ ਜਾਣਦੇ ਸਨ ਅਤੇ ਉਸਦੇ ਗਵਾਹ ਬਣੇ, ਪੜ੍ਹੋ:
- ਯਿਸੂ ਨੇ ਕਿਵੇਂ ਸਾਬਿਤ ਕੀਤਾ ਕਿ ਉਹ ਜਿੰਦਾ ਸੀ। (ਲੂਕਾ 24:36-43)
- ਯਿਸੂ ਕਾਹਦੀਆਂ ਗੱਲਾਂ ਕਰਦਾ ਸੀ (ਰਸੂਲਾਂ ਦੇ ਕਰਤੱਬ 1:1-3) ("ਗੱਲਾਂ ਕਰਦਾ ਰਿਹਾ"??? ਸਪੱਸ਼ਟ ਨਹੀਂ ਹੈ)
- ਕਿਸ ਤੇ ਪ੍ਰਗਟ ਹੋਇਆ (1 ਕੁਰਿੰਥੀਆਂ 15:3-8)

ਕ) ਯਿਸੂ ਨੇ ਹਰ ਇਕ ਨੂੰ, ਜਿਹੜਾ ਉਸ ਵੱਲ ਮੁੜਦਾ ਹੈ, ਮਾਫ਼ ਕਰਨ ਦਾ ਵਾਅਦਾ ਕੀਤਾ। ਇਨ੍ਹਾਂ ਵਚਨਾਂ ਵਿੱਚ ਲੱਭੋ ਜੀ ਉੱਠੇ ਮਸੀਹ ਨੇ ਕੀ ਕਿਹਾ:
- ਮਾਫ਼ੀ ਬਾਰੇ (ਲੂਕਾ 24:44-48)
- ਪਰਮੇਸ਼ੁਰ ਦੀ ਪਵਿੱਤਰ ਆਤਮਾ ਬਾਰੇ (ਰਸੂਲਾਂ ਦੇ ਕਰਤੱਬ 1:4-8)
- ਯਿਸੂ ਦੇ ਚੇਲੇ ਬਣਨ ਬਾਰੇ (ਮੱਤੀ 28:16-20)

ਖ) ਪਰਮੇਸ਼ੁਰ ਨੇ ਯਿਸੂ ਨੂੰ ਫਿਰ ਦੁਬਾਰਾ ਆਉਣ ਤੱਕ ਸਵਰਗ ਨੂੰ ਉਠਾ ਲਿਆ। ਇਨ੍ਹਾਂ ਵਚਨਾਂ ਵਿੱਚ ਪੜ੍ਹੋ:
- ਦੂਤਾਂ ਨੇ ਯਿਸੂ ਦੇ ਚੇਲਿਆਂ ਨੂੰ ਕੀ ਕਿਹਾ (ਰਸੂਲਾਂ ਦੇ ਕਰਤੱਬ 1:9-11)
- ਯਿਸੂ ਨੇ ਆਪਣੇ ਦੁਸ਼ਮਣਾਂ ਨੂੰ ਕੀ ਕਿਹਾ (ਮਰਕੁਸ 14:60-62)
- ਯਿਸੂ ਉਨ੍ਹਾਂ ਨੂੰ ਕੀ ਕਹੇਗਾ, ਜਿਹੜੇ ਦੂਜਿਆਂ ਦੀ ਸੇਵਾ ਕਰਦੇ ਹਨ (ਮੱਤੀ 25:31-34)

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ।**

- ਜੇਕਰ ਤੁਹਾਡਾ ਸੱਭਿਆਚਾਰ ਕਲਾ ਕੁਸ਼ਲਤਾ ਦੀ ਇਜ਼ਾਜਤ ਦੇਂਦਾ ਹੈ, ਤਾਂ ਕਲਾਕਾਰ ਨੂੰ ਯਿਸ ਬਾਰੇ ਸੱਤ ਚੰਗੀਆਂ ਗੱਲਾਂ ਦੇ ਚਿੱਤਰ ਬਣਾਉਣ ਦਿਓ। ਯਿਸੂ ਬਾਰੇ ਮੁੱਖ ਗੱਲਾਂ ਨੂੰ ਦੱਸਣ ਦਾ ਅਭਿਆਸ ਕਰੋ। ਫਿਰ ਲੋਕਾਂ ਨੂੰ ਉਨਾਂ ਦੇ ਘਰਾਂ ਵਿੱਚ ਜਾ ਕੇ ਇਹ ਗੱਲਾਂ ਦੱਸੋ। ਜਦੋਂ ਤੁਸੀਂ ਕਹਾਣੀ ਸੁਣਾਉਂਦੇ ਹੋ ਤਾਂ ਚਿੱਤਰ ਵੀ ਦਿਖਾਓ।
- ਸਿੱਖਿਆ ਸੰਮੇਲਨ ਆਯੋਜਿਤ ਕਰਨ ਦੀ ਯੋਜਨਾ ਬਣਾਓ, ਜਿਸ ਵਿੱਚ ਤੁਸੀਂ ਵਿਸ਼ਵਾਸੀਆਂ ਨੂੰ ਸਿਖਾਓ ਕਿ ਕਿਵੇਂ ਚਿੱਤਰਾਂ, ਗੀਤਾਂ, ਕਵਿਤਾਵਾਂ ਦਾ ਪ੍ਰਯੋਗ ਕਰਕੇ ਯਿਸੂ ਦੀ ਕਹਾਣੀ ਬਾਰੇ ਦੱਸਣਾ ਹੈ। ਜੋ ਤੁਹਾਡੇ ਸੱਭਿਆਚਾਰ ਲਈ ਵੀ ਢੁੱਕਵਾਂ ਹੈ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਬਾਰੇ ਯੋਜਨਾ ਬਣਾਓ।**

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਵਰਤਮਾਨ ਲੋੜਾਂ ਅਤੇ ਸਥਾਨਕ ਰਿਵਾਜਾਂ ਲਈ ਢੁੱਕਵੀਆਂ ਹਨ।

ਯਿਸੂ ਮਸੀਹ ਦੇ ਜੀਵਨ ਦੀਆਂ ਜਿਨ੍ਹਾਂ ਬਾਰੇ ਤੁਸੀਂ ਭਾਗ 1 ਹੇਠਾਂ ਅਧਿਐਨ ਕੀਤਾ ਹੈ, ਇੱਕ ਜਾਂ ਵੱਧ ਘਟਨਾਵਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

ਮਸੀਹ ਬਾਰੇ ਸੱਤ ਮਹੱਤਵਪੂਰਨ ਗੱਲਾਂ ਦੱਸੋ ਜਿਹੜੀਆਂ ਤੁਸੀਂ ਭਾਗ 1 ਵਿੱਚ ਸਿੱਖੀਆਂ ਹਨ, ਅਤੇ ਉਨ੍ਹਾਂ ਬਾਰੇ ਪ੍ਰਸ਼ਨ ਪੁੱਛੋ: ਲੋਕਾਂ ਨੂੰ ਜੋ ਉਹ ਜਾਣਦੇ ਹਨ, ਉੱਤਰ ਦੇਣ ਦਿਓ। ਸਿਰਫ ਉਹੋ ਗੱਲ ਤੁਸੀਂ ਦੱਸੋ ਜਿਹੜੀ ਉਹ ਯਾਦ ਨਹੀਂ ਕਰ ਸਕਦੇ।

- ਨਬੀਆਂ ਨੇ ਯਿਸੂ ਬਾਰੇ ਕੀ ਭਵਿੱਖਬਾਣੀ ਕੀਤੀ?
- ਯਿਸੂ ਨੇ ਲੋਕਾਂ ਲਈ ਕੀ ਕੀਤਾ?
- ਯਿਸੂ ਨੇ ਸਾਡੇ ਜੀਉਣ ਬਾਰੇ ਅਤੇ ਭਵਿੱਖ ਦੇ ਸੰਸਾਰ ਬਾਰੇ ਕੀ ਸਿਖਾਇਆ?
- ਯਿਸੂ ਕਿਵੇਂ ਮਰਿਆ ਅਤੇ ਮੁਰਦਿਆਂ ਵਿੱਚੋਂ ਜੀ ਉੱਠਿਆ?
- ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਕਿਸ ਤੇ ਪ੍ਰਗਟ ਹੋਇਆ?
- ਜੀ ਉੱਠੇ ਮਸੀਹ ਨੇ ਉਨ੍ਹਾਂ ਵਿਸ਼ਵਾਸੀਆਂ ਲਈ ਕੀ ਕਰਨ ਦਾ ਵਾਅਦਾ ਕੀਤਾ, ਜਿਹੜੇ ਤੋਬਾ ਕਰਦੇ ਅਤੇ ਉਸਦੇ ਮਗਰ ਚੱਲਦੇ ਹਨ?
- ਅਖੀਰ ਯਿਸੂ ਇਸ ਸੰਸਾਰ ਨੂੰ ਕਿਵੇਂ ਛੱਡ ਕੇ ਗਿਆ?

ਬੱਚਿਆਂ ਨੂੰ ਨਾਟਕ, ਕਵਿਤਾ ਅਤੇ ਪ੍ਰਸ਼ਨ ਜਿਹੜੇ ਉਨ੍ਹਾਂ ਤਿਆਰ ਕੀਤੇ ਹਨ, ਪੇਸ਼ ਕਰਨ ਦਿਓ।

**ਪ੍ਰਭੂ ਭੋਜ** ਦੇਣ ਲਈ, ਇਬਰਾਨੀਆਂ 7:7-12 ਪੜ੍ਹੋ। ਦੱਸੋ ਕਿ ਯਿਸੂ ਆਪਣੇ ਪਿਤਾ ਦੀ ਹਜ਼ੂਰੀ ਵਿੱਚ ਦਾਖਿਲ ਹੋਇਆ, ਜਾਨਵਰਾਂ ਦੇ ਲਹੂ ਨਾਲ ਨਹੀਂ ਜਿਵੇਂ ਕਿ ਪੁਰਾਣੇ ਨੇਮ ਦਾ ਪ੍ਰਧਾਨ ਜਾਜਕ ਸਭ ਤੋਂ ਪਵਿੱਤਰ ਅਸਥਾਨ ਵਿੱਚ ਦਾਖਿਲ ਹੁੰਦਾ ਸੀ, ਪਰ ਉਸਦੇ ਆਪਣੇ ਲਹੂ ਨਾਲ। ਤੁਸੀਂ ਭਾਗ 1 ਵਿੱਚੋਂ ਕੁਝ ਆਇਤਾਂ ਵੀ ਪੜ੍ਹ ਸਕਦੇ ਹੋ, ਜੋ ਉਸਦੀ ਸਲੀਬ ਉੱਤੇ ਮੌਤ ਅਤੇ ਉਸਦੇ ਆਖ਼ਰੀ ਆਉਣ ਬਾਰੇ ਦੱਸਦੀਆਂ ਹਨ।

ਇਕੱਠੇ ਮਿਲਕੇ **ਇਬਰਾਨੀਆਂ 1:1-2** ਯਾਦ ਕਰੋ।

ਲੋਕਾਂ ਨੂੰ ਛੋਟੇ ਸਮੂਹਾਂ ਵਿੱਚ ਇਕੱਠੇ ਹੋ ਕੇ, ਇਕ ਦੂਜੇ ਲਈ **ਪ੍ਰਾਰਥਨਾ** ਕਰਨ ਦਿਓ ਅਤੇ ਪਰਮੇਸ਼ੁਰ ਨੂੰ ਯਿਸੂ ਦੀ ਕਹਾਣੀ ਉਨ੍ਹਾਂ ਦੇ ਸਾਰੇ ਪਰਿਵਾਰਾਂ ਅਤੇ ਮਿੱਤਰਾਂ ਅਤੇ ਹੋਰ ਦੂਰ ਨੇੜੇ ਦੇ ਗੈਰ ਮਸੀਹੀ ਸਮੂਹਾਂ ਕੋਲ ਲੈ ਕੇ ਜਾਣ ਲਈ ਕਹਿਣ ਦਿਓ।

Copyright 2004 © by Paul-Timothy. May be freely copied. Download from www.Paul-Timothy.net